# ਕੋਵਿਡ-19 ਵੈਕਸੀਨ ਸੁਰੱਖਿਅਤ ਅਤੇ ਕਾਰਗਰ ਹੁੰਦੇ ਹਨ

## ਵਿਗਿਆਨ ਇਸ ਬਾਰੇ ਸਪਸ਼ਟ ਹੈ: ਟੀਕਾਕਰਣ ਦੇ ਲਾਭ ਜੋਖਮਾਂ ਨਾਲੋਂ ਕਿਤੇ ਵਧੇਰੇ ਹਨ



### ਟੀਕਾਕਰਣ ਕਰਵਾਉਣ/ਬੂਸਟਰ ਲਗਵਾਉਣ ਲਈ ਕੌਣ ਯੋਗ ਹੈ?

**6 ਮਹੀਨੇ ਅਤੇ ਇਸ ਤੋਂ ਵੱਧ ਉਮਰ ਦੇ ਹਰ ਵਿਅਕਤੀ ਨੂੰ COVID-19 ਵੈਕਸੀਨ ਦੀ ਪ੍ਰਾਇਮਰੀ ਸੀਰੀਜ਼ ਪ੍ਰਾਪਤ ਕਰਨੀ ਚਾਹੀਦੀ ਹੈ।** ਪ੍ਰਾਇਮਰੀ ਸੀਰੀਜ਼ ਵਿੱਚ ਇਮਿਊਨੋਕੰਪ੍ਰੋਮਾਈਜ਼ਡ (ਕਮਜ਼ੋਰ ਹੋ ਚੁੱਕੇ ਇਮਿਊਨ ਸਿਸਟਮ ਵਾਲੇ) ਵਿਅਕਤੀਆਂ ਲਈ ਇੱਕ ਵਾਧੂ ਖੁਰਾਕ ਸ਼ਾਮਲ ਹੁੰਦੀ ਹੈ।

**5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਹਰ ਵਿਅਕਤੀ ਜਿਸ ਨੇ ਆਪਣੀ ਪ੍ਰਾਇਮਰੀ ਵੈਕਸੀਨ ਸੀਰੀਜ਼ ਪੂਰੀ ਕਰ ਲਈ ਹੈ ਜਾਂ ਘੱਟ ਤੋਂ ਘੱਟ 2 ਮਹੀਨੇ ਪਹਿਲਾਂ ਕੋਈ ਪਿਛਲੀ ਬੂਸਟਰ ਖੁਰਾਕ ਲਈ ਸੀ, ਨੂੰ "ਅੱਪਡੇਟ ਕੀਤਾ" ਫਾਈਜ਼ਰ ਜਾਂ ਮੌਡਰਨਾ ਬੂਸਟਰ ਲਗਵਾਉਣਾ ਚਾਹੀਦਾ ਹੈ।** ਅੱਪਡੇਟ ਕੀਤੇ ਬੂਸਟਰਾਂ ਨੂੰ FDA ਦੁਆਰਾ ਅਗਸਤ 2022 ਵਿੱਚ ਅਧਿਕਾਰਤ ਕੀਤਾ ਗਿਆ ਸੀ ਅਤੇ ਇਹ ਵਰਤਮਾਨ ਵੇਰੀਐਂਟਾਂ ਤੋਂ ਜ਼ਿਆਦਾ ਵਧੀਆ ਸੁਰੱਖਿਆ ਮੁਹੱਈਆ ਕਰਾ ਸਕਦੇ ਹਨ। 5 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਲੋਕ ਹੁਣ "ਅਸਲੀ" ਬੂਸਟਰਾਂ ਲਈ ਯੋਗ ਨਹੀਂ ਰਹੇ।

ਹਰ ਕਲੀਨਿਕੀ ਅਜ਼ਮਾਇਸ਼ ਵਿੱਚ ਕਿਹੜੀ ਖੁਰਾਕ ਦਾ ਅਧਿਐਨ ਕੀਤਾ ਗਿਆ ਸੀ, ਇਸ ਉੱਪਰ ਨਿਰਭਰ ਕਰਦੇ ਹੋਏ ਉਮਰ ਅਨੁਸਾਰ ਵੱਖ-ਵੱਖ ਗਰੁੱਪਾਂ ਨੂੰ ਵੱਖੋ-ਵੱਖਰੀਆਂ ਖੁਰਾਕਾਂ ਮਿਲਦੀਆਂ ਹਨ। ਛੋਟੇ ਬੱਚਿਆਂ ਨੂੰ ਵੱਡੇ ਬੱਚਿਆਂ ਅਤੇ ਨੌਜਵਾਨਾਂ ਦੇ ਮੁਕਾਬਲੇ ਘੱਟ ਖੁਰਾਕ ਮਿਲਦੀ ਹੈ।

ਮੋਨੋਵੇਲੈਂਟ ਨੋਵਾਵੈਕਸ (Novavax) ਕੋਵਿਡ-19 ਵੈਕਸੀਨ 18+ ਵਾਲੇ ਲੋਕਾਂ ਲਈ ਇੱਕ ਬੂਸਟਰ ਖੁਰਾਕ ਦੇ ਰੂਪ ਵਿੱਚ ਅਧਿਕਾਰਤ ਹੈ, ਪਰ **ਫਾਈਜ਼ਰ ਅਤੇ ਮੌਡਰਨਾ ਦੇ ਅੱਪਡੇਟ ਕੀਤੇ ਬੂਸਟਰ ਉਹਨਾਂ ਸਾਰੇ ਵਿਅਕਤੀਆਂ ਲਈ ਤਜਵੀਜ਼ ਕੀਤੇ ਜਾਂਦੇ ਬੂਸਟਰ ਵਿਕਲਪ ਹਨ ਜੋ ਇਹ ਵੈਕਸੀਨ ਲਗਵਾਉਣ ਲਈ ਯੋਗ ਹਨ।**

ਬੂਸਟਰ ਖੁਰਾਕਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਕੋਵਿਡ-19 ਵੈਕਸੀਨ ਕਾਰਜਕ੍ਰਮ ਦੇਖੋ।

### ਕੀ ਕੋਵਿਡ-19 ਵੈਕਸੀਨ ਸੁਰੱਖਿਅਤ ਅਤੇ ਕਾਰਗਰ ਹੁੰਦੇ ਹਨ?

ਜੀ ਹਾਂ। ਫ਼ਾਈਜ਼ਰ, ਮੌਡਰਨਾ, ਅਤੇ ਨੋਵਾਵੈਕਸ ਕੋਵਿਡ-19 ਵੈਕਸੀਨ ਗੰਭੀਰ ਬਿਮਾਰੀ, ਹਸਪਤਾਲ ਵਿੱਚ ਦਾਖਲੇ, ਅਤੇ ਕੋਵਿਡ-19 ਕਰਕੇ ਮੌਤ ਨੂੰ ਰੋਕਣ ਵਿੱਚ ਬਹੁਤ ਜ਼ਿਆਦਾ ਕਾਰਗਰ ਹਨ।

FDA ਨੇ 12 ਸਾਲ ਅਤੇ ਇਸ ਤੋਂ ਵੱਧ ਉਮਰ ਵਾਲਿਆਂ ਲਈ ਫ਼ਾਈਜ਼ਰ ਕੋਵਿਡ-19 ਵੈਕਸੀਨ ਲਈ ਪੂਰੀ ਮਨਜ਼ੂਰੀ ਦਿੱਤੀ ਸੀ। ਫ਼ਾਈਜ਼ਰ ਕੋਲ 6 ਮਹੀਨੇ ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਵਿੱਚ ਇਸਤੇਮਾਲ ਕੀਤੇ ਜਾਣ ਲਈ FDA ਤੋਂ ਐਮਰਜੈਂਸੀ ਵਰਤੋਂ ਦਾ ਅਧਿਕਾਰ (Emergency Use Authorization, EUA) ਹੈ। ਮੌਡਰਨਾ ਵੈਕਸੀਨ 18 ਸਾਲ ਅਤੇ ਇਸ ਤੋਂ ਵੱਧ ਉਮਰ ਵਾਲਿਆਂ ਲਈ ਮਨਜ਼ੂਰਸ਼ੁਦਾ ਹੈ ਅਤੇ 6 ਮਹੀਨੇ ਤੋਂ 17 ਸਾਲ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਲਈ ਅਧਿਕਾਰਤ ਹੈ। ਨੋਵਾਵੈਕਸ ਨੂੰ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ FDA ਦੁਆਰਾ ਅਧਿਕਾਰਤ ਕੀਤਾ ਗਿਆ ਹੈ।

ਜੌਨਸਨ ਐਂਡ ਜੌਨਸਨ (J&J) ਕੋਵਿਡ-19 ਵੈਕਸੀਨ ਕੋਲ 18 ਸਾਲ ਅਤੇ ਇਸ ਤੋਂ ਵੱਧ ਉਮਰ ਵਾਲਿਆਂ ਲਈ EUA ਹੈ। ਬਹੁਤੀਆਂ ਸਥਿਤੀਆਂ ਵਿੱਚ, ਪ੍ਰਾਇਮਰੀ ਅਤੇ ਬੂਸਟਰ ਟੀਕਾਕਰਣਾਂ ਲਈ J&J ਵੈਕਸੀਨ ਦੇ ਮੁਕਾਬਲੇ ਫ਼ਾਈਜ਼ਰ, ਮੌਡਰਨਾ ਜਾਂ ਨੋਵਾਵੈਕਸ ਵੈਕਸੀਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਹ ਗੰਭੀਰ ਪ੍ਰਤੀਕੂਲ ਘਟਨਾਵਾਂ ਦੇ ਜੋਖਮ ਕਰਕੇ ਹੈ, ਜਿਵੇਂ ਕਿ ਖੂਨ ਦੇ ਗਤਲੇ ਬਣਨ ਦੀ ਇੱਕ ਵਿਰਲੀ ਕਿਸਮ।

### ਕੋਵਿਡ-19 ਵੈਕਸੀਨ ਦੇ ਸੰਭਾਵੀ ਮਾੜੇ ਪ੍ਰਭਾਵ ਕੀ ਹਨ?

ਕੁਝ ਲੋਕਾਂ ਨੂੰ ਮਾੜੇ ਪ੍ਰਭਾਵਾਂ ਦਾ ਅਨੁਭਵ ਹੋਇਆ ਹੈ, ਜਿਵੇਂ ਕਿ ਉਸ ਬਾਂਹ ਵਿੱਚ ਥੋੜ੍ਹੇ ਸਮੇਂ ਲਈ ਦਰਦ, ਲਾਲੀ ਜਾਂ ਸੋਜਸ਼ ਜਿੱਥੇ ਉਹਨਾਂ ਨੂੰ ਵੈਕਸੀਨ ਲਗਾਇਆ ਗਿਆ ਸੀ, ਬੁਖਾਰ, ਕਾਂਬਾ, ਥਕਾਵਟ, ਮਾਸਪੇਸ਼ੀਆਂ ਵਿੱਚ ਦਰਦ, ਕਚਿਆਣ, ਅਤੇ/ਜਾਂ ਸਿਰ ਦਰਦ। ਸ਼ਿਸ਼ੂਆਂ ਅਤੇ ਛੋਟੇ ਬੱਚਿਆਂ ਨੂੰ ਹੋਣ ਵਾਲੇ ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ ਚਿੜਚਿੜਾਪਣ, ਰੋਣਾ, ਨੀਂਦ ਆਉਣਾ, ਅਤੇ ਭੁੱਖ ਨਾ ਲੱਗਣੀ। ਕਿਸੇ ਵੀ ਵੈਕਸੀਨ ਲਈ ਇਹ ਮਾੜੇ ਪ੍ਰਭਾਵ ਆਮ ਹੀ ਹੁੰਦੇ ਹਨ ਅਤੇ ਜਦੋਂ ਸਰੀਰ ਕੋਵਿਡ-19 ਤੋਂ ਰੱਖਿਆ ਲਈ ਸੈੱਲ ਬਣਾਉਣ ਲੱਗਦਾ ਹੈ ਤਾਂ ਅਜਿਹੇ ਪ੍ਰਭਾਵਾਂ ਦੀ ਉਮੀਦ ਕੀਤੀ ਜਾਂਦੀ ਹੈ।

### ਮੈਨੂੰ ਫ਼ਾਈਜ਼ਰ, ਮੌਡਰਨਾ, ਜਾਂ ਨੋਵਾਵੈਕਸ ਦੀ ਆਪਣੀ ਦੂਜੀ ਖੁਰਾਕ ਲੈਣ ਲਈ ਕਿੰਨਾ ਚਿਰ ਉਡੀਕ ਕਰਨੀ ਚਾਹੀਦੀ ਹੈ?

ਉਹਨਾਂ ਸਾਰੇ ਵਿਅਕਤੀਆਂ ਲਈ, ਫਾਈਜ਼ਰ ਅਤੇ ਨੋਵਾਵੈਕਸ ਵਾਸਤੇ ਖੁਰਾਕ 1 ਅਤੇ ਖੁਰਾਕ 2 ਵਿਚਾਲੇ ਸਿਫ਼ਾਰਸ਼ ਕੀਤਾ ਜਾਂਦਾ 3 ਹਫ਼ਤੇ (21 ਦਿਨ) ਅਤੇ ਮੌਡਰਨਾ ਲਈ ਇਹ ਸਮਾਂ 4 ਹਫ਼ਤੇ (28 ਦਿਨ) ਹੈ:

- ਜੋ ਦਰਮਿਆਨੇ ਤੋਂ ਗੰਭੀਰ ਰੂਪ ਵਿੱਚ ਇਮਿਊਨੋਕੰਪ੍ਰੋਮਾਈਜ਼ਡ ਹਨ, ਜਾਂ
- ਜਿਹਨਾਂ ਦੀ ਉਮਰ 65 ਸਾਲ ਅਤੇ ਇਸ ਤੋਂ ਵੱਧ ਹੈ, ਜਾਂ
- ਜਿਹਨਾਂ ਨੂੰ ਕੋਵਿਡ-19 ਦੇ ਸੰਪਰਕ ਵਿੱਚ ਆਉਣ ਜਾਂ ਗੰਭੀਰ ਬਿਮਾਰੀ ਦੇ ਜੋਖਮ ਬਾਰੇ ਚਿੰਤਾਵਾਂ ਕਰਕੇ ਤੇਜ਼ ਸੁਰੱਖਿਆ ਦੀ ਲੋੜ ਹੁੰਦੀ ਹੈ।

**CDC ਨੇ ਹਾਲ ਹੀ ਵਿੱਚ ਆਪਣੀਆਂ ਸਿਫ਼ਾਰਸ਼ਾਂ ਵਿੱਚ ਹੋਰਨਾਂ ਵਿਅਕਤੀਆਂ ਲਈ ਫਾਈਜ਼ਰ, ਮੌਡਰਨਾ, ਜਾਂ ਨੋਵਾਵੈਕਸ ਦੀਆਂ ਖੁਰਾਕਾਂ ਦਰਮਿਆਨ 8 ਹਫ਼ਤਿਆਂ ਤਕ ਦੀ ਆਗਿਆ ਦੇਣ ਲਈ ਤਬਦੀਲੀ ਕੀਤੀ ਹੈ,** ਜਿਵੇਂ ਕਿ 12 ਤੋਂ 39 ਸਾਲ ਦੀ ਉਮਰ ਦੇ ਮਰਦ, ਜੋ ਇਹ ਵੈਕਸੀਨ ਪ੍ਰਾਪਤ ਕਰਨ ਤੋਂ ਬਾਅਦ ਮਾਇਓਕਾਰਡਾਇਟਿਸ ਦੇ ਛੋਟੇ ਜਿਹੇ ਜੋਖਮ ਵਿੱਚ ਹੁੰਦੇ ਹਨ। ਖੁਰਾਕਾਂ ਦਰਮਿਆਨ ਇਹ ਵਧੇਰੇ ਲੰਬਾ ਅੰਤਰਾਲ ਵੈਕਸੀਨ ਦੇ ਅਸਰ ਨੂੰ ਵੀ ਵਧਾ ਸਕਦਾ ਹੈ। ਜੇ ਤੁਹਾਡੇ ਇਸ ਬਾਰੇ ਕੋਈ ਸਵਾਲ ਹਨ ਕਿ ਤੁਹਾਨੂੰ ਆਪਣੀ ਦੂਜੀ ਖੁਰਾਕ ਕਦੋਂ ਲੈਣੀ ਚਾਹੀਦੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। ਕੋਵਿਡ-19 ਟੀਕਾਕਰਨ ਸਿਫ਼ਾਰਸ਼ਾਂ ਦੀ ਸੰਖੇਪ ਜਾਣਕਾਰੀ ਕੋਵਿਡ-19 ਵੈਕਸੀਨ ਕਾਰਜਕ੍ਰਮ 'ਤੇ ਮਿਲ ਸਕਦੀ ਹੈ।

### ਜੇ ਮੇਰੀ ਪ੍ਰਾਇਮਰੀ ਵੈਕਸੀਨ ਦੀ ਸੀਰੀਜ਼ ਸੰਯੁਕਤ ਰਾਜ ਵਿੱਚ ਅਧਿਕਾਰਤ ਨਹੀਂ ਹੈ ਤਾਂ ਕੀ ਮੈਨੂੰ ਬੂਸਟਰ ਖੁਰਾਕ ਮਿਲ ਸਕਦੀ ਹੈ?

5 ਸਾਲ ਅਤੇ ਇਸ ਤੋਂ ਵੱਧ ਉਮਰ ਵਾਲੇ ਲੋਕ ਜਿਹਨਾਂ ਦਾ ਕਿਸੇ WHO-ਅਧਿਕਾਰਤ ਵੈਕਸੀਨ (ਜਿਵੇਂ ਕਿ ਐਸਟ੍ਰਾ ਜ਼ੇਨੇਕਾ) ਨਾਲ ਜਾਂ ਕਿਸੇ ਕਲੀਨਿਕੀ ਅਜ਼ਮਾਇਸ਼ ਦੇ ਹਿੱਸੇ ਵਜੋਂ ਪੂਰੀ ਤਰ੍ਹਾਂ ਟੀਕਾਕਰਣ ਕੀਤਾ ਗਿਆ ਸੀ, ਆਪਣੀ ਪ੍ਰਾਇਮਰੀ ਸੀਰੀਜ਼ ਨੂੰ ਪੂਰਾ ਕਰਨ ਮਗਰੋਂ ਇੱਕ ਬੂਸਟਰ ਖੁਰਾਕ ਪ੍ਰਾਪਤ ਕਰ ਸਕਦੇ ਹਨ।

### ਜੇ ਮੈਨੂੰ ਬੂਸਟਰ ਖੁਰਾਕ ਦੀ ਲੋੜ ਹੈ, ਤਾਂ ਕੀ ਇਸਦਾ ਮਤਲਬ ਇਹ ਹੋਇਆ ਕਿ ਵੈਕਸੀਨ ਕੰਮ ਨਹੀਂ ਕਰ ਰਹੇ ਹਨ?

ਗੰਭੀਰ ਬੀਮਾਰੀ, ਹਸਪਤਾਲ ਵਿੱਚ ਦਾਖਲ ਹੋਣ, ਅਤੇ ਕੋਵਿਡ-19 ਕਾਰਨ ਮੌਤ ਦੀ ਰੋਕਥਾਮ ਲਈ ਕੋਵਿਡ-19 ਵੈਕਸੀਨ ਚੰਗੀ ਤਰ੍ਹਾਂ ਨਾਲ ਕੰਮ ਕਰ ਰਹੇ ਹਨ । ਪਰ, ਸਮੇਂ ਦੇ ਨਾਲ ਹਲਕੀ ਅਤੇ ਦਰਮਿਆਨੀ ਬਿਮਾਰੀ ਤੋਂ ਸੁਰੱਖਿਆ ਘੱਟ ਜਾਂਦੀ ਹੈ, ਖਾਸ ਕਰਕੇ ਵਡੇਰੀ ਉਮਰ ਦੇ ਬਾਲਗਾਂ ਅਤੇ ਬੁਨਿਆਦੀ ਡਾਕਟਰੀ ਸਮੱਸਿਆਵਾਂ ਵਾਲੇ ਲੋਕਾਂ ਵਾਲੀ ਅਬਾਦੀ ਵਿੱਚ। **ਯੋਗ ਹੋਣ 'ਤੇ ਬੂਸਟਰ ਖੁਰਾਕ ਪ੍ਰਾਪਤ ਕਰਕੇ ਅਪ-ਟੂ-ਡੇਟ ਰਹਿਣਾ ਯਕੀਨੀ ਬਣਾਓ!**

### "ਅੱਪਡੇਟ ਕੀਤੇ" ਬੂਸਟਰ ਕੀ ਹਨ?

"ਅਸਲ" ਬੂਸਟਰਾਂ ਨੇ ਮੂਲ ਕੋਵਿਡ-19 ਵੇਰੀਐਂਟ ਨੂੰ ਨਿਸ਼ਾਨਾ ਬਣਾਇਆ ਸੀ। "ਅੱਪਡੇਟ ਕੀਤੇ" ਬੂਸਟਰ ਮੂਲ ਵੇਰੀਐਂਟ ਅਤੇ ਓਮਿਕਰੋਨ ਵੇਰੀਐਂਟਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਜਿਹਨਾਂ ਕਰਕੇ ਸਭ ਤੋਂ ਤਾਜ਼ਾ ਮਾਮਲੇ ਆ ਰਹੇ ਹਨ। FDA ਨੇ ਅੱਪਡੇਟ ਕੀਤੇ ਗਏ ਬੂਸਟਰਾਂ ਨੂੰ ਵਰਤਮਾਨ ਵੇਰੀਐਂਟਾਂ ਤੋਂ ਜ਼ਿਆਦਾ ਵਧੀਆ ਸੁਰੱਖਿਆ ਮੁਹੱਈਆ ਕਰਾਉਣ ਦੀ ਕੋਸ਼ਿਸ਼ ਕਰਨ ਲਈ ਅਧਿਕਾਰਤ ਕੀਤਾ ਹੈ। ਫ਼ਾਈਜ਼ਰ ਦਾ ਅੱਪਡੇਟ ਕੀਤਾ ਹੋਇਆ ਬੂਸਟਰ 5 ਸਾਲ ਜਾਂ ਇਸ ਤੋਂ ਵੱਧ ਉਮਰ ਵਾਲਿਆਂ ਲਈ ਉਪਲਬਧ ਹੈ ਅਤੇ ਮੌਡਰਨਾ ਦਾ ਅੱਪਡੇਟ ਕੀਤਾ ਹੋਇਆ ਬੂਸਟਰ 6 ਸਾਲ ਜਾਂ ਇਸ ਤੋਂ ਵੱਧ ਉਮਰ ਵਾਲਿਆਂ ਵਾਸਤੇ ਉਪਲਬਧ ਹੈ।

# ਕੋਵਿਡ-19 ਵੈਕਸੀਨ ਸੁਰੱਖਿਅਤ ਅਤੇ ਕਾਰਗਰ ਹੁੰਦੇ ਹਨ

## ਵਿਗਿਆਨ ਇਸ ਬਾਰੇ ਸਪਸ਼ਟ ਹੈ: ਟੀਕਾਕਰਣ ਦੇ ਲਾਭ ਜੋਖਮਾਂ ਨਾਲੋਂ ਕਿਤੇ ਵਧੇਰੇ ਹਨ



### ਕੀ ਕੋਵਿਡ-19 ਦੇ ਵੈਕਸੀਨ ਗਰਭਵਤੀ ਅਤੇ/ਜਾਂ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਲਈ ਸੁਰੱਖਿਅਤ ਹਨ?

ਜੀ ਹਾਂ। ਕੋਵਿਡ-19 ਵੈਕਸੀਨ ਗਰਭਵਤੀ ਅਤੇ/ਜਾਂ ਦੁੱਧ ਚੁੰਘਾ ਰਹੀਆਂ, ਗਰਭਵਤੀ ਹੋਣ ਦੀ ਕੋਸ਼ਿਸ਼ ਕਰ ਰਹੀਆਂ, ਜਾਂ ਭਵਿੱਖ ਵਿੱਚ ਗਰਭਵਤੀ ਹੋ ਸਕਣ ਵਾਲੀਆਂ ਔਰਤਾਂ ਲਈ ਗੰਭੀਰ ਬਿਮਾਰੀ ਤੋਂ ਸੁਰੱਖਿਅਤ ਕਰਨ ਵਿੱਚ ਮਦਦ ਕਰ ਸਕਦਾ ਹੈ। ਗਰਭ ਅਵਸਥਾ ਨਾਲ ਸਰੀਰ ਵਿੱਚ ਤਬਦੀਲੀਆਂ ਆਉਣ ਕਰਕੇ, ਗੈਰ-ਗਰਭਵਤੀ ਵਿਅਕਤੀਆਂ ਦੇ ਮੁਕਾਬਲੇ, ਗਰਭਵਤੀ ਅਤੇ ਹਾਲ ਹੀ ਵਿੱਚ ਹੋਈਆਂ ਗਰਭਵਤੀ ਔਰਤਾਂ ਦੇ ਕੋਵਿਡ-19 ਕਰਕੇ ਗੰਭੀਰ ਰੂਪ ਵਿੱਚ ਬਿਮਾਰ ਹੋ ਜਾਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਦੇਖੋ ਗਰਭਵਤੀ ਹੋਣ ਜਾਂ ਛਾਤੀ ਦਾ ਦੁੱਧ ਚੁੰਘਾਉਂਦੇ ਸਮੇਂ ਕੋਵਿਡ-19 ਵੈਕਸੀਨ (CDC)।

### ਜੇ ਬੱਚਿਆਂ ਅਤੇ ਨੌਜਵਾਨਾਂ ਨੂੰ ਗੰਭੀਰ ਕੋਵਿਡ-19 ਇਨਫ਼ੈਕਸ਼ਨ ਦਾ ਖਤਰਾ ਮੁਕਾਬਲਤਨ ਘੱਟ ਹੁੰਦਾ ਹੈ, ਤਾਂ ਉਹਨਾਂ ਨੂੰ ਵੈਕਸੀਨ ਕਿਉਂ ਲਗਵਾਉਣਾ ਚਾਹੀਦਾ ਹੈ?

CDC ਅਤੇ ਅਮੈਰਿਕਨ ਅਕੈਡਮੀ ਆਫ਼ ਪੀਡੀਆਟ੍ਰਿਕਸ (American Academy of Pediatrics) ਦੀ ਇਹ ਸਿਫ਼ਾਰਸ਼ ਹੈ ਕਿ ਕੋਵਿਡ-19 ਤੋਂ ਬਚਾਉਣ ਲਈ ਸਾਰੇ ਯੋਗ ਬੱਚਿਆਂ ਦਾ ਟੀਕਾਕਰਣ ਕੀਤਾ ਜਾਵੇ। ਹਾਲਾਂਕਿ ਬਾਲਗਾਂ ਦੇ ਮੁਕਾਬਲੇ ਬੱਚੇ ਅਤੇ ਨੌਜਵਾਨ ਕੋਵਿਡ-19 ਤੋਂ ਗੰਭੀਰ ਰੂਪ ਵਿੱਚ ਬਿਮਾਰ ਹੋਣ ਦੇ ਮੁਕਾਬਲਤਨ ਘੱਟ ਜੋਖਮ ਵਿੱਚ ਹੁੰਦੇ ਹਨ, ਪਰ:

- ਉਹ ਕੋਵਿਡ-19 ਤੋਂ ਬਹੁਤ ਬਿਮਾਰ ਹੋ ਸਕਦੇ ਹਨ, ਜਿਸ ਵਿੱਚ ਹਸਪਤਾਲ ਵਿੱਚ ਦਾਖਲ ਹੋਣਾ ਵੀ ਸ਼ਾਮਲ ਹੈ। ਉਹ ਬੱਚੇ ਜਿਹਨਾਂ ਨੂੰ ਬੁਨਿਆਦੀ ਡਾਕਟਰੀ ਸਮੱਸਿਆਵਾਂ ਹਨ, ਗੰਭੀਰ ਬਿਮਾਰੀ ਦੇ ਮੁਕਾਬਲਤਨ ਵਧੇਰੇ ਜੋਖਮ ਵਿੱਚ ਹੁੰਦੇ ਹਨ, ਪਰ ਹਸਪਤਾਲ ਵਿੱਚ ਦਾਖਲ ਹੋਣ ਵਾਲੇ ਇੱਕ-ਤਿਹਾਈ ਬੱਚਿਆਂ ਅਤੇ ਕਿਸ਼ੋਰਾਂ ਨੂੰ ਕੋਈ ਬੁਨਿਆਦੀ ਡਾਕਟਰੀ ਸਮੱਸਿਆਵਾਂ ਨਹੀਂ ਹੁੰਦੀਆਂ
- ਉਹਨਾਂ ਵਿੱਚ ਗੰਭੀਰ ਪੇਚੀਦਗੀਆਂ ਬਣ ਸਕਦੀਆਂ ਹਨ ਜਿਵੇਂ ਮਲਟੀਸਿਸਟਮ ਇਨਫ਼ਲੇਮੇਟਰੀ ਸਿੰਡਰੋਮ (MIS-C)—ਇੱਕ ਅਜਿਹੀ ਸਥਿਤੀ ਜਿੱਥੇ ਸਰੀਰ ਦੇ ਵੱਖ-ਵੱਖ ਅੰਗਾਂ ਵਿੱਚ ਸੋਜਸ਼ ਹੋ ਜਾਂਦੀ ਹੈ, ਜਿਸ ਵਿੱਚ ਦਿਲ, ਫੇਫੜੇ, ਗੁਰਦੇ, ਦਿਮਾਗ, ਚਮੜੀ, ਅੱਖਾਂ, ਜਾਂ ਗੈਸਟ੍ਰੋਇੰਟੈਸਟਾਈਨਲ ਅੰਗ ਸ਼ਾਮਲ ਹੁੰਦੇ ਹਨ।
- ਉਹਨਾਂ ਨੂੰ ਕੋਵਿਡ ਤੋਂ ਬਾਅਦ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ, ਜਿਸ ਨੂੰ "ਲੰਬਾ ਕੋਵਿਡ" ਵੀ ਕਿਹਾ ਜਾਂਦਾ ਹੈ।
- ਉਹ ਆਪਣੇ ਪਰਿਵਾਰ ਦੇ ਕਮਜ਼ੋਰ ਮੈਂਬਰਾਂ ਸਮੇਤ, ਹੋਰਨਾਂ ਨੂੰ ਕੋਵਿਡ-19 ਫ਼ੈਲਾ ਸਕਦੇ ਹਨ।
- ਜੇ ਉਹਨਾਂ ਨੂੰ ਇਨਫ਼ੈਕਸ਼ਨ ਹੋ ਜਾਵੇ ਤਾਂ ਉਹ ਸਕੂਲ, ਖੇਡਾਂ, ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਅਤੇ ਦੂਜੀਆਂ ਜ਼ਰੂਰੀ ਈਵੈਂਟਾਂ ਤੋਂ ਖੁੰਝ ਸਕਦੇ ਹਨ।

### ਮੈਨੂੰ ਕੋਵਿਡ-19 ਹੋ ਚੁੱਕਾ ਹੈ। ਕੀ ਮੈਨੂੰ ਫ਼ਿਰ ਵੀ ਵੈਕਸੀਨ ਦੀ ਲੋੜ ਹੈ?

ਜੀ ਹਾਂ। ਲੋਕਾਂ ਨੂੰ ਇੱਕ ਤੋਂ ਵੱਧ ਵਾਰ ਕੋਵਿਡ-19 ਦਾ ਇਨਫ਼ੈਕਸ਼ਨ ਹੋ ਸਕਦਾ ਹੈ। CDC ਸਿਫ਼ਾਰਸ਼ ਕਰਦਾ ਹੈ ਕਿ 6 ਮਹੀਨੇ ਜਾਂ ਇਸ ਤੋਂ ਵੱਧ ਉਮਰ ਦੇ ਹਰ ਵਿਅਕਤੀ ਨੂੰ ਵੈਕਸੀਨ ਲਗਵਾਉਣਾ ਚਾਹੀਦਾ ਹੈ, ਭਾਵੇਂ ਉਹਨਾਂ ਨੂੰ ਕੋਵਿਡ-19 ਹੋ ਚੁੱਕਾ ਹੋਵੇ। ਸਾਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ ਕਿ ਵਾਇਰਸ ਤੋਂ ਠੀਕ ਹੋਣ ਮਗਰੋਂ ਕੋਈ ਵਿਅਕਤੀ ਦੁਬਾਰਾ ਇਨਫ਼ੈਕਸ਼ਨ ਹੋਣ ਤੋਂ ਕਿੰਨੇ ਚਿਰ ਤਕ ਸੁਰੱਖਿਅਤ ਹੁੰਦਾ ਹੈ। ਵਰਤਮਾਨ ਐਂਟੀਬਾਡੀ ਟੈਸਟ ਸਾਨੂੰ ਇਹ ਨਹੀਂ ਦੱਸ ਸਕਦੇ ਕਿ ਕੀ ਕੋਈ ਵਿਅਕਤੀ ਕਿਸੇ ਹੋਰ ਕੋਵਿਡ-19 ਇਨਫ਼ੈਕਸ਼ਨ ਤੋਂ ਸੁਰੱਖਿਅਤ ਹੈ ਜਾਂ ਨਹੀਂ। ਸਾਨੂੰ ਇਸ ਬਾਰੇ ਵੀ ਜਾਣਕਾਰੀ ਨਹੀਂ ਹੈ ਕਿ ਕੀ ਇੱਕ ਸਟ੍ਰੇਨ ਤੋਂ ਵਿਕਸਤ ਹੋਈ ਰੋਗਾਂ ਨਾਲ ਲੜਨ ਦੀ ਸ਼ਕਤੀ ਨਵੇਂ ਵੇਰੀਐਂਟਾਂ ਤੋਂ ਲੋੜੀਂਦੀ ਸੁਰੱਖਿਆ ਪ੍ਰਦਾਨ ਕਰੇਗੀ ਜਾਂ ਨਹੀਂ।

### ਕੋਵਿਡ-19 ਟੀਕਾਕਰਨ ਤੋਂ ਬਾਅਦ ਗੰਭੀਰ ਪ੍ਰਤੀਕੂਲ ਘਟਨਾਵਾਂ ਵਿਰਲੀਆਂ ਹੀ ਹੁੰਦੀਆਂ ਹਨ।

FDA ਨੇ ਇਹ ਨਿਰਧਾਰਤ ਕੀਤਾ ਹੈ ਕਿ ਵੈਕਸੀਨ ਦੇ ਫ਼ਾਇਦੇ ਜੋਖਮਾਂ ਤੋਂ ਕਿਤੇ ਵਧੇਰੇ ਹਨ। ਗੈਰ-ਟੀਕਾਕ੍ਰਿਤ/ਬੂਸਟਰ ਪ੍ਰਾਪਤ ਨਾ ਕਰਨ ਵਾਲੇ ਵਿਅਕਤੀਆਂ ਵਿੱਚ ਕੋਵਿਡ-19 ਤੋਂ ਗੰਭੀਰ ਬਿਮਾਰੀ, ਹਸਪਤਾਲ ਵਿੱਚ ਦਾਖਲ ਹੋਣ ਜਾਂ ਮੌਤ ਦਾ ਜੋਖਮ ਖੁਦ ਕੋਵਿਡ-19 ਟੀਕਿਆਂ ਤੋਂ ਹੋਣ ਵਾਲੇ ਕਿਸੇ ਵੀ ਗੰਭੀਰ ਮਾੜੇ ਅਸਰ ਦੇ ਮੁਕਾਬਲੇ ਕਿਤੇ ਵਧੇਰੇ ਹੁੰਦਾ ਹੈ। ਵਧੇਰੇ ਜਾਣਕਾਰੀ ਲਈ, ਦੇਖੋ ਕੋਵਿਡ-19 ਟੀਕਾਕਰਣ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ (CDC)।

### ਜੇ ਤੁਹਾਨੂੰ ਟੀਕਾਕਰਨ ਤੋਂ ਬਾਅਦ ਹੇਠਾਂ ਦੱਸੇ ਗਏ ਲੱਛਣਾਂ ਵਿੱਚੋਂ ਕੋਈ ਵੀ ਹੁੰਦਾ ਹੈ ਤਾਂ ਤੁਹਾਨੂੰ ਫ਼ੌਰਨ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ:

ਖੂਨ ਦੇ ਥੱਕਿਆਂ ਦੀ ਇੱਕ ਵਿਰਲੀ ਪਰ ਗੰਭੀਰ ਕਿਸਮ, ਥ੍ਰੋਂਬੋਸਾਈਟੋਪੀਨੀਆ ਸਿੰਡ੍ਰੋਮ ਦੇ ਨਾਲ ਥ੍ਰੋਂਬੋਸਿਸ (Thrombosis with Thrombocytopenia Syndrome, TTS), ਬਹੁਤ ਥੋੜ੍ਹੇ ਲੋਕਾਂ ਵਿੱਚ ਹੋਈ ਹੈ ਜਿਹਨਾਂ ਨੇ J&J ਵੈਕਸੀਨ ਲਗਵਾਇਆ ਸੀ। **ਲੱਛਣਾਂ ਵਿੱਚ ਸ਼ਾਮਲ ਹਨ** ਸਾਹ ਚੜ੍ਹਨਾ; ਛਾਤੀ ਵਿੱਚ ਦਰਦ; ਲੱਤ ਵਿੱਚ ਸੋਜਸ਼; ਪੇਟ ਵਿੱਚ ਨਿਰੰਤਰ ਦਰਦ, ਗੰਭੀਰ ਸਿਰ ਦਰਦ ਜਾਂ ਧੁੰਦਲੀ ਨਜ਼ਰ; ਟੀਕੇ ਵਾਲੀ ਜਗ੍ਹਾ ਤੋਂ ਬਾਹਰ ਚਮੜੀ ਦੇ ਹੇਠਾਂ ਅਸਾਨੀ ਨਾਲ ਨੀਲ ਪੈ ਜਾਣਾ ਜਾਂ ਖੂਨ ਦੇ ਛੋਟੇ-ਛੋਟੇ ਧੱਬੇ। ਫ਼ਾਈਜ਼ਰ, ਮੌਡਰਨਾ ਜਾਂ ਨੋਵਾਵੈਕਸ ਵੈਕਸੀਨਾਂ ਤੋਂ TTS ਦਾ ਵਧਿਆ ਹੋਇਆ ਜੋਖਮ ਨਹੀਂ ਦੇਖਿਆ ਗਿਆ ਹੈ, ਇਸ ਕਰਕੇ ਹੁਣ CDC ਦਾ ਇਹ ਸੁਝਾਅ ਹੈ ਕਿ ਬੂਸਟਰ ਖੁਰਾਕਾਂ ਸਮੇਤ, ਜੇ ਹੋ ਸਕੇ ਤਾਂ ਸਾਰੇ ਯੋਗ ਵਿਅਕਤੀਆਂ ਵਿੱਚ ਫ਼ਾਈਜ਼ਰ, ਮੌਡਰਨਾ ਜਾਂ ਨੋਵਾਵੈਕਸ ਵੈਕਸੀਨ ਦੀ ਵਰਤੋਂ ਕੀਤੀ ਜਾਵੇ।

Guillain-Barré Syndrome, (GBS) ਦੇ ਵੀ ਵਿਰਲੇ ਮਾਮਲੇ ਥੋੜ੍ਹੇ ਜਿਹੇ ਲੋਕਾਂ ਵਿੱਚ ਆਏ ਹਨ ਜਿਹਨਾਂ ਨੇ J&J ਵੈਕਸੀਨ ਲਗਵਾਇਆ ਹੈ। GBS ਨਰਵਸ ਸਿਸਟਮ ਦਾ ਇੱਕ ਵਿਰਲਾ ਜਿਹਾ ਵਿਕਾਰ ਹੁੰਦਾ ਹੈ ਜਿਸ ਕਾਰਨ ਮਾਸਪੇਸ਼ੀਆਂ ਵਿੱਚ ਕਮਜ਼ੋਰੀ, ਜਾਂ ਸਭ ਤੋਂ ਗੰਭੀਰ ਮਾਮਲਿਆਂ ਵਿੱਚ, ਅਧਰੰਗ ਹੋ ਸਕਦਾ ਹੈ। ਲੱਛਣ ਆਮ ਕਰਕੇ ਟੀਕਾਕਰਨ ਤੋਂ 1-2 ਹਫ਼ਤਿਆਂ ਬਾਅਦ ਸ਼ੁਰੂ ਹੁੰਦੇ ਹਨ ਪਰ ਉਸ ਤੋਂ ਵੀ ਬਾਅਦ ਵਿੱਚ ਦਿਖਾਈ ਦੇ ਸਕਦੇ ਹਨ। **ਲੱਛਣਾਂ ਵਿੱਚ** ਕਮਜ਼ੋਰੀ ਜਾਂ ਝਰਨਾਹਟ ਮਹਿਸੂਸ ਹੋਣਾ ਸ਼ਾਮਲ ਹੁੰਦੇ ਹਨ, ਖਾਸ ਕਰਕੇ ਲੱਤਾਂ ਜਾਂ ਬਾਂਹਵਾਂ ਵਿੱਚ, ਜੋ ਵਿਗੜ ਸਕਦੇ ਹਨ ਅਤੇ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲ ਸਕਦੇ ਹਨ।

mRNA ਵੈਕਸੀਨ ਜਾਂ ਨੋਵਾਵੈਕਸ ਲਗਵਾਉਣ ਮਗਰੋਂ ਨੌਜਵਾਨਾਂ ਵਿੱਚ ਮਾਇਓਕਾਰਡਾਈਟਿਸ (ਦਿਲ ਦੀ ਸੋਜਸ਼) ਅਤੇ ਪੈਰੀਕਾਰਡਾਈਟਿਸ (ਦਿਲ ਦੇ ਆਸ-ਪਾਸ ਥੈਲੀ ਦੀ ਸੋਜਸ਼) ਦੇ ਮਾਮਲੇ ਸਾਹਮਣੇ ਆਏ ਹਨ। ਇਹ ਵੈਕਸੀਨ ਦੀ ਦੂਜੀ ਖੁਰਾਕ ਲੈਣ ਦੇ ਕੁਝ ਕੁ ਦਿਨਾਂ ਦੇ ਅੰਦਰ ਜ਼ਿਆਦਾਤਰ ਪੁਰਸ਼ ਕਿਸ਼ੋਰਾਂ ਅਤੇ ਨੌਜਵਾਨ ਬਾਲਗਾਂ ਵਿੱਚ ਹੋਏ ਹਨ। **ਲੱਛਣਾਂ ਵਿੱਚ ਸ਼ਾਮਲ ਹਨ** ਛਾਤੀ ਵਿੱਚ ਦਰਦ, ਸਾਹ ਚੜ੍ਹਨਾ; ਜਾਂ ਦਿਲ ਦੀ ਧੜਕਣ ਤੇਜ਼ ਮਹਿਸੂਸ ਹੋਣਾ, ਦਿਲ ਦਾ ਫੜਫੜਾਉਣਾ ਜਾਂ ਤੇਜ਼ ਧੜਕਣਾ। ਦੇਖਭਾਲ ਪ੍ਰਾਪਤ ਕਰਨ ਵਾਲੇ ਬਹੁਤੇ ਨੌਜਵਾਨਾਂ ਨੇ ਦਵਾਈ ਅਤੇ ਅਰਾਮ ਪ੍ਰਤੀ ਵਧੀਆ ਪ੍ਰਤਿਕਿਰਿਆ ਦਿੱਤੀ ਅਤੇ ਛੇਤੀ ਹੀ ਬਿਹਤਰ ਮਹਿਸੂਸ ਕੀਤਾ।

ਬੂਸਟਰ ਖੁਰਾਕ ਲੈਣ ਤੋਂ ਬਾਅਦ ਮਾਇਓਕਾਰਡਾਈਟਿਸ ਅਤੇ ਪੈਰੀਕਾਰਡਾਈਟਿਸ ਹੋਰ ਵੀ ਵਿਰਲੇ ਹੁੰਦੇ ਹਨ। CDC ਅਤੇ ਅਮੈਰਿਕਨ ਅਕੈਡਮੀ ਆਫ਼ ਪੀਡੀਆਟ੍ਰਿਕਸ ਅਤੇ ਦੂਜਿਆਂ ਦੀ ਸਿਫ਼ਾਰਸ਼ ਅਜੇ ਵੀ ਇਹੀ ਹੈ ਕਿ 6 ਮਹੀਨੇ ਜਾਂ ਇਸ ਤੋਂ ਵੱਧ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਵੈਕਸੀਨ ਲਗਾਇਆ ਜਾਵੇ ਕਿਉਂਕਿ ਫ਼ਾਇਦੇ ਜੋਖਮਾਂ ਤੋਂ ਕਿਤੇ ਵਧੇਰੇ ਹਨ।

ਵਧੇਰੇ ਜਾਣਕਾਰੀ ਲਈ, mRNA ਕੋਵਿਡ-19 ਟੀਕਾਕਰਣ ਤੋਂ ਬਾਅਦ ਮਾਇਓਕਾਰਡਾਈਟਿਸ ਅਤੇ ਪੈਰੀਕਾਰਡਾਈਟਿਸ (CDC) ਦੇਖੋ।

# ਕੋਵਿਡ-19 ਵੈਕਸੀਨ ਸੁਰੱਖਿਅਤ ਅਤੇ ਕਾਰਗਰ ਹੁੰਦੇ ਹਨ

## ਵਿਗਿਆਨ ਇਸ ਬਾਰੇ ਸਪਸ਼ਟ ਹੈ: ਟੀਕਾਕਰਣ ਦੇ ਲਾਭ ਜੋਖਮਾਂ ਨਾਲੋਂ ਕਿਤੇ ਵਧੇਰੇ ਹਨ

### ਆਪਣੀ ਪ੍ਰਾਇਮਰੀ ਵੈਕਸੀਨ ਸੀਰੀਜ਼ ਦੇ ਹਿੱਸੇ ਵਜੋਂ ਵਾਧੂ ਖੁਰਾਕ ਦੀ ਲੋੜ ਕਿਸ ਨੂੰ ਹੁੰਦੀ ਹੈ?

ਟੀਕਾਕਰਣ ਦੇ ਪੂਰੇ ਫ਼ਾਇਦੇ ਪ੍ਰਾਪਤ ਕਰਨ ਲਈ, CDC ਸਿਫ਼ਾਰਸ਼ ਕਰਦਾ ਹੈ ਕਿ ਦਰਮਿਆਨੇ ਤੋਂ ਗੰਭੀਰ ਰੂਪ ਵਿੱਚ ਇਮਿਊਨੋਕੰਪ੍ਰੋਮਾਈਜ਼ਡ ਲੋਕਾਂ ਨੂੰ **ਫ਼ਾਈਜ਼ਰ ਜਾਂ ਮੌਡਰਨਾ ਵੈਕਸੀਨ ਦੀ ਆਪਣੀ ਦੂਜੀ ਖੁਰਾਕ ਤੋਂ** ਘੱਟੋ-ਘੱਟ 28 ਦਿਨਾਂ ਬਾਅਦ ਜਾਂ **J & J ਦੀ ਆਪਣੀ ਪਹਿਲੀ ਖੁਰਾਕ ਤੋਂ 28 ਦਿਨਾਂ ਬਾਅਦ** mRNA ਵੈਕਸੀਨ ਦੀ ਇੱਕ ਵਾਧੂ ਖੁਰਾਕ ਲੈਣੀ ਚਾਹੀਦੀ ਹੈ। ਨੋਵਾਵੈਕਸ ਦੀ ਵਾਧੂ ਖੁਰਾਕ ਲੈਣ ਬਾਰੇ ਕੋਈ ਸਿਫ਼ਾਰਸ਼ ਨਹੀਂ ਹੈ।

ਸਿਫ਼ਾਰਸ਼ ਵਿੱਚ 6 ਮਹੀਨੇ ਤੋਂ 4 ਸਾਲ ਤਕ ਦੇ ਉਹ ਬੱਚੇ ਸ਼ਾਮਲ ਹਨ ਜਿਹਨਾਂ ਨੂੰ ਮੌਡਰਨਾ ਪ੍ਰਾਇਮਰੀ ਸੀਰੀਜ਼ ਮਿਲੀ ਸੀ ਅਤੇ 5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਅਕਤੀ ਸ਼ਾਮਲ ਹਨ ਜਿਹਨਾਂ ਨੇ ਫਾਈਜ਼ਰ, ਮੌਡਰਨਾ ਜਾਂ J&J ਪ੍ਰਾਇਮਰੀ ਸੀਰੀਜ਼ ਪੂਰੀ ਕੀਤੀ ਸੀ ਜੋ:

- ਟਿਊਮਰ ਜਾਂ ਖੂਨ ਦੇ ਕੈਂਸਰਾਂ ਲਈ ਕੈਂਸਰ ਦਾ ਕਿਰਿਆਸ਼ੀਲ ਇਲਾਜ ਪ੍ਰਾਪਤ ਕਰਦੇ ਰਹੇ ਹਨ
- ਅੰਗ ਟ੍ਰਾਂਸਪਲਾਂਟ ਕਰਵਾ ਚੁੱਕੇ ਹਨ ਅਤੇ ਇਮਿਊਨ ਸਿਸਟਮ ਨੂੰ ਦਬਾਉਣ ਲਈ ਦਵਾਈਆਂ ਲੈ ਰਹੇ ਹਨ
- ਪਿਛਲੇ 2 ਸਾਲਾਂ ਦੇ ਅੰਦਰ ਸਟੈਮ ਸੈੱਲ ਟ੍ਰਾਂਸਪਲਾਂਟ ਕਰਵਾ ਚੁੱਕੇ ਹਨ ਜਾਂ ਇਮਿਊਨ ਸਿਸਟਮ ਨੂੰ ਦਬਾਉਣ ਲਈ ਦਵਾਈਆਂ ਲੈ ਰਹੇ ਹਨ
- ਜਿਹਨਾਂ ਨੂੰ ਦਰਮਿਆਨੀ ਜਾਂ ਗੰਭੀਰ ਪ੍ਰਾਇਮਰੀ ਇਮਿਊਨੋਡੈਫ਼ੀਸ਼ਿਐਂਸੀ (ਜਿਵੇਂ ਕਿ DiGeorge ਸਿੰਡ੍ਰੋਮ, Wiskott-Aldrich ਸਿੰਡ੍ਰੋਮ) ਹੈ
- ਜਿਹਨਾਂ ਨੂੰ ਵੱਧ ਚੁੱਕਾ ਜਾਂ ਇਲਾਜ ਨਾ ਕੀਤਾ ਗਿਆ HIV ਇਨਫ਼ੈਕਸ਼ਨ ਹੈ
- ਉੱਚ-ਖੁਰਾਕ ਵਾਲੇ ਕੋਰਟਿਕੋਸਟੀਰੌਇਡਜ਼ ਜਾਂ ਹੋਰ ਦਵਾਈਆਂ ਦੇ ਨਾਲ ਕਿਰਿਆਸ਼ੀਲ ਇਲਾਜ ਲੈਂਦੇ ਹਨ ਜਿਹੜੇ ਤੁਹਾਡੀ ਇਮਿਊਨ ਪ੍ਰਤਿਕਿਰਿਆ ਨੂੰ ਦਬਾ ਸਕਦੇ ਹਨ

ਲੋਕਾਂ ਨੂੰ ਆਪਣੀ ਡਾਕਟਰੀ ਹਾਲਤ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ, ਅਤੇ ਇਸ ਬਾਰੇ ਕਿ ਕੀ ਵਾਧੂ ਖੁਰਾਕ ਲੈਣਾ ਉਹਨਾਂ ਲਈ ਸਹੀ ਹੈ ਜਾਂ ਨਹੀਂ।

### ਵੈਕਸੀਨ ਇੰਨੀ ਤੇਜ਼ੀ ਨਾਲ ਕਿਵੇਂ ਵਿਕਸਿਤ ਕੀਤੇ ਗਏ ਸਨ?

ਹਾਲਾਂਕਿ ਕੋਵਿਡ-19 (SARS-CoV-2) ਫ਼ੈਲਾਉਣ ਵਾਲੇ ਵਾਇਰਸ ਦਾ ਪਤਾ ਸਿਰਫ਼ ਦਸੰਬਰ 2019 ਵਿੱਚ ਲੱਗਿਆ ਸੀ, ਪਰ ਦੁਨੀਆ ਭਰ ਦੇ ਵਿਗਿਆਨੀ 2007 ਤੋਂ ਹੀ ਲਗਭਗ ਇਸ ਵਰਗੇ ਵਾਇਰਸਾਂ ਲਈ ਵੈਕਸੀਨਾਂ 'ਤੇ ਕੰਮ ਕਰਦੇ ਆ ਰਹੇ ਹਨ। ਵਧੇਰੇ ਜਾਣਕਾਰੀ ਲਈ, ਦੇਖੋ ਕੋਵਿਡ-19 ਵੈਕਸੀਨਾਂ ਨੂੰ ਵਿਕਸਤ ਕਰਨਾ।

### ਕੀ ਮੈਂ ਅਜਿਹੀ ਬੂਸਟਰ ਖੁਰਾਕ ਪ੍ਰਾਪਤ ਕਰ ਸਕਦਾ/ਸਕਦੀ ਹਾਂ ਜੋ ਮੇਰੇ ਪਹਿਲੇ ਕੋਵਿਡ-19 ਵੈਕਸੀਨ ਤੋਂ ਵੱਖਰੀ ਹੋਵੇ?

ਹੋ ਸਕਦਾ ਹੈ ਕੁਝ ਲੋਕ ਉਸੇ ਵੈਕਸੀਨ ਕਿਸਮ ਦੀ ਬੂਸਟਰ ਖੁਰਾਕ ਲੈਣ ਨੂੰ ਤਰਜੀਹ ਦੇਣ ਜੋ ਉਹਨਾਂ ਨੂੰ ਅਸਲ ਵਿੱਚ ਮਿਲੀ ਸੀ। ਦੂਜੇ ਲੋਕ ਸ਼ਾਇਦ ਆਪਣੇ ਅਸਲ ਵੈਕਸੀਨ ਦੀ ਕਿਸਮ ਤੋਂ ਕੋਈ ਵੱਖਰੀ ਬੂਸਟਰ ਖੁਰਾਕ ਲੈਣ ਨੂੰ ਤਰਜੀਹ ਦੇ ਸਕਦੇ ਹਨ।

J&J ਵੈਕਸੀਨ ਦੇ ਵਿਰਲੇ (ਪਰ ਗੰਭੀਰ) ਮਾੜੇ ਪ੍ਰਭਾਵ ਦੇ ਖਤਰੇ ਕਰਕੇ, CDC ਇਹ ਸਿਫ਼ਾਰਸ਼ ਕਰਦਾ ਹੈ ਕਿ J&J ਵੈਕਸੀਨ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਨੂੰ mRNA (ਫ਼ਾਈਜ਼ਰ ਜਾਂ ਮੌਡਰਨਾ) ਦੀ ਬੂਸਟਰ ਖੁਰਾਕ ਪ੍ਰਾਪਤ ਕਰਨੀ ਚਾਹੀਦੀ ਹੈ।

### ਜੇ ਮੈਂ ਬੂਸਟਰ ਖੁਰਾਕ ਨਹੀਂ ਲਗਵਾਉਂਦਾ/ਲਗਵਾਉਂਦੀ, ਕੀ ਫ਼ਿਰ ਵੀ ਮੈਨੂੰ "ਪੂਰੀ ਤਰ੍ਹਾਂ ਟੀਕਾਕ੍ਰਿਤ" ਮੰਨਿਆ ਜਾਂਦਾ ਹੈ?

ਜੀ ਹਾਂ। ਫ਼ਿਲਹਾਲ ਹਰ ਵਿਅਕਤੀ ਨੂੰ ਦੋ-ਖੁਰਾਕਾਂ ਦੀ ਸੀਰੀਜ਼ ਜਿਵੇਂ ਕਿ ਫ਼ਾਈਜ਼ਰ, ਮੌਡਰਨਾ ਜਾਂ ਨੋਵਾਵੈਕਸ ਵੈਕਸੀਨਾਂ ਵਿੱਚ ਆਪਣੀ ਦੂਜੀ ਖੁਰਾਕ ਤੋਂ ਦੋ ਹਫ਼ਤਿਆਂ ਬਾਅਦ, ਜਾਂ ਇੱਕ ਖੁਰਾਕ ਵਾਲੇ ਵੈਕਸੀਨ, ਜਿਵੇਂ ਕਿ J&J ਵੈਕਸੀਨ ਦੇ ਦੋ ਹਫ਼ਤਿਆਂ ਬਾਅਦ ਅਜੇ ਵੀ ਪੂਰੀ ਤਰ੍ਹਾਂ ਟੀਕਾਕ੍ਰਿਤ ਮੰਨਿਆ ਜਾਂਦਾ ਹੈ। ਹਾਲਾਂਕਿ, ਪੂਰੀ ਤਰ੍ਹਾਂ ਟੀਕਾਕ੍ਰਿਤ ਹੋਣਾ **ਅਤੇ** ਬੂਸਟਰ ਲੈਣਾ ਅਜੇ ਵੀ ਖੁਦ ਨੂੰ ਗੰਭੀਰ ਬਿਮਾਰੀ, ਹਸਪਤਾਲ ਵਿੱਚ ਦਾਖਲ ਹੋਣ ਅਤੇ ਕੋਵਿਡ-19 ਕਰਕੇ ਮੌਤ ਹੋਣ ਤੋਂ ਬਚਾਉਣ ਅਤੇ ਵਾਇਰਸ ਦੇ ਫ਼ੈਲਾਅ ਨੂੰ ਘਟਾਉਣ ਦਾ ਸਭ ਤੋਂ ਵਧੀਆ ਤਰੀਕਾ ਬਣਿਆ ਹੋਇਆ ਹੈ।

### ਮੈਂ ਕੋਵਿਡ-19 ਵੈਕਸੀਨ ਜਾਂ ਇੱਕ ਬੂਸਟਰ ਕਿੱਥੋਂ ਲੈ ਸਕਦਾ/ਸਕਦੀ ਹਾਂ?

ਮੁਫ਼ਤ COVID-19 ਵੈਕਸੀਨ ਜਾਂ ਬੂਸਟਰ ਖੁਰਾਕ ਪ੍ਰਾਪਤ ਕਰਨ ਲਈ ਬਹੁਤ ਸਾਰੀਆਂ ਥਾਂਵਾਂ ਹਨ। ਅਲਮੀਡਾ ਕਾਊਂਟੀ ਦੇ ਕਮਿਊਨਿਟੀ ਵੈਕਸਿਨੇਸ਼ਨ ਕਲੀਨਿਕਾਂ ਵਿੱਚੋਂ ਕਿਸੇ ਵਿੱਚ ਵੀ I.D., ਬੀਮੇ, ਜਾਂ ਕਿਸੇ ਅਪੌਇੰਟਮੈਂਟ ਦੀ ਲੋੜ ਨਹੀਂ ਹੈ।

ਆਪਣੇ ਨਜ਼ਦੀਕ ਵੈਕਸੀਨ ਸਾਈਟਾਂ ਦੀ ਇੱਕ ਵਿਆਪਕ ਸੂਚੀ ਲਈ, ਦੇਖੋ ਅਲਮੀਡਾ ਕਾਉਂਟੀ ਵੈਕਸੀਨ ਉਪਲਬਧਤਾ ਜਾਂ ਇੱਥੇ ਜਾਓ: https://linktr.ee/AlamedaCountyOHE.

ਇੱਕ ਮੁਫ਼ਤ ਵੈਕਸੀਨ ਅਪੌਇੰਟਮੈਂਟ ਤੈਅ ਕਰਨ ਵਿੱਚ ਸਹਾਇਤਾ ਲਈ, ਕਾਲ ਕਰੋ: 510-268-2101.


ALAMEDA COUNTY HEALTH CARE SERVICES AGENCY
PUBLIC HEALTH DEPARTMENT

Colleen Chawla – Agency Director
Kimi Watkins-Tartt – Director
Nicholas Moss, MD – Health Officer

Contact
Public Health Department:
(510) 267-8000 Main Line
COVID-19 Information:
(510) 268-2101
www.acphd.org